**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ**
**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਬਲਾਕ ਈ, ਪੰਜਵੀਂ ਮੰਜਿਲ, ਫੇਜ਼ 8, ਐਸ.ਏ.ਐਸ ਨਗਰ (ਮੁਹਾਲੀ) 0172-5212569

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.),
ਸਮੂਹ ਪ੍ਰਿੰਸੀਪਲ ਡਾਇਟ,
ਸਮੂਹ ਡੀ.ਐਮ. ਗਣਿਤ ਅਤੇ ਬੀ.ਐਮ. ਗਣਿਤ,
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ),
ਸਮੂਹ ਮੈਥ ਪੜ੍ਹਾਉਂਦੇ ਅਧਿਆਪਕ (ਵੈਬਸਾਈਟ ਰਾਹੀਂ),
ਪੰਜਾਬ।

ਮੀਮੋ ਨੰ: SCERT,QP/UP/2019207862 ਮਿਤੀ:-22-07-2019

ਵਿਸ਼ਾ :- **ਸਕੂਲ ਪੱਧਰ ਤੇ ਗਣਿਤ ਮੇਲਾ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ 'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ-ਗਣਿਤ'' ਪ੍ਰੋਗਰਾਮ ਤਹਿਤ ਸਮੂਹ ਸਕੂਲਾਂ ਵਿੱਚ ਗਣਿਤ ਵਿਸ਼ੇ ਦੇ ਗੁਣਾਤਮਕ ਸੁਧਾਰ ਲਈ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ । ਜਿਸ ਤਹਿਤ ਸਮੂਹ ਮਿਡਲ/ਹਾਈ/ਸੀ.ਸੈਕੰਡਰੀ ਸਕੂਲ ਵਿੱਚ ਮੈਥ ਪੜ੍ਹਾਉਂਦੇ ਅਧਿਆਪਕਾਂ ਨੂੰ ਦੋ ਰੋਜਾ ਟ੍ਰੇਨਿੰਗ ਦਿੱਤੀ ਜਾ ਚੁੱਕੀ ਹੈ। ਇਸ ਪ੍ਰੋਗਰਾਮ ਦੇ ਅਗਲੇ ਪੜਾਅ ਵਿੱਚ ਮਿਤੀ 27.07.2019 ਤੋਂ ਸਮੂਹ ਸਰਕਾਰੀ ਸਕੂਲਾਂ ਵਿੱਚ ਸਕੂਲ ਪੱਧਰ ਤੇ ਗਣਿਤ ਮੇਲੇ ਕਰਵਾਏ ਜਾਣੇ ਹਨ।ਜਿਸ ਲਈ ਹੇਠ ਲਿਖੇ ਅਨੁਸਾਰ Pre-Fair ਅਤੇ Math Fair ਦਾ ਸ਼ਡਿਊਲ ਜਾਰੀ ਕੀਤਾ ਜਾ ਰਿਹਾ ਹੈ:-

| ਮਿਤੀ/ਫੇਜ਼/ਸਥਾਨ | Pre-Fair ਦਾ ਸਮਾਂ (ਅਧਿਆਪਕਾਂ ਦੀ ਦੇਖ-ਰੇਖ ਵਿੱਚ ਵਿਦਿਆਰਥੀਆਂ ਨੂੰ ਮਾਡਲ/ਕ੍ਰਿਆਵਾਂ ਦੀ ਤਿਆਰੀ ਕਰਵਾਉਣ ਦਾ ਸਮਾਂ) | Math Fair |
|---|---|---|
| ਮਿਤੀ 27.07.2019 ਤੋਂ 01.08.2019 (ਫੇਜ਼-1) | 4 ਦਿਨ (ਲਗਾਤਾਰ ਕੰਮ ਵਾਲੇ ਦਿਨ) | ਪੰਜਵੇਂ ਦਿਨ 01.08.2019 |
| ਮਿਤੀ 02.08.2019 ਤੋਂ 07.08.2019(ਫੇਜ਼-2) | 4 ਦਿਨ (ਲਗਾਤਾਰ ਕੰਮ ਵਾਲੇ ਦਿਨ) | ਪੰਜਵੇਂ ਦਿਨ 07.08.2019 |
| ਸਥਾਨ | ਸਕੂਲ ਕੈਂਪਸ | |
| ਸਕੂਲ Participants | ਛੇਵੀਂ ਤੋਂ ਦੱਸਵੀਂ ਜਮਾਤ ਦੇ ਵਿਦਿਆਰਥੀ, ਮੈਥ ਪੜ੍ਹਾਉਂਦੇ ਅਧਿਆਪਕ ਅਤੇ ਸਮੂਹ ਅਧਿਆਪਕ | |
| **ਨੋਟ :- ਡੀ.ਐਮ./ਬੀ.ਐਮ. ਅਧਿਆਪਕ ਦੀ ਵਿਸ਼ੇਸ਼ ਮੰਗ ਅਨੁਸਾਰ ਇਸ ਸ਼ਡਿਊਲ ਦੀ ਤਾਰੀਖ ਵਿੱਚ ਲੋੜੀਂਦੀ ਤਬਦੀਲੀ ਕਰ ਸਕਦੇ ਹਨ।ਪਰ ਸਾਰੇ ਸਕੂਲਾਂ ਵਿੱਚ ਗਣਿਤ ਮੇਲੇ ਹਰ ਹਾਲਤ ਵਿੱਚ ਮਿਤੀ 07.08.2019 ਨੂੰ ਮੁਕੰਮਲ ਹੋ ਜਾਣੇ ਚਾਹੀਦੇ ਹਨ।** | | |

3.0 ਇਸ ਪ੍ਰੋਗਰਾਮ ਦੇ ਸਫਲ ਅਤੇ ਸੰਚਾਲਨ ਅਤੇ ਸਕਰਾਤਮਕ ਨਤੀਜਿਆਂ ਲਈ ਸਕੂਲ ਮੁੱਖੀ ਆਪਣੇ ਸਕੂਲ ਵਿੱਚ ਗਣਿਤ ਮੇਲਾ ਕਰਵਾਉਣ ਦੀ ਪਲੈਨਿੰਗ ਆਪਣੀ ਦੇਖ ਰੇਖ ਵਿੱਚ ਕਰਣਗੇ।ਇਸ ਲਈ ਉਪਰੋਕਤ 12 ਦਿਨਾਂ ਦੇ Buffer time ਵਿੱਚੋਂ ਕਿਸੇ ਇਕ ਫੇਜ਼ ਵਿੱਚ ਮੈਥ ਪੜ੍ਹਾ ਰਹੇ ਅਧਿਆਪਕ ਜਾਂ ਅਧਿਆਪਕਾਂ ਦੀ ਟੀਮ ਲਈ 4 ਲਗਾਤਾਰ ਵਰਕਿੰਗ ਦਿਨਾਂ ਦਾ (with in school timetable, ਕੋਈ ਲਗਾਤਾਰ ਤਿੰਨ ਪੀਰੀਅਡ) ਸਮਾਂ

ਨਿਸ਼ਚਿਤ ਕਰ ਸਕਦੇ ਹਨ। ਪੰਜਵੇਂ ਦਿਨ ਗਣਿਤ ਮੇਲਾ ਆਯੋਜਿਤ ਕੀਤਾ ਜਾਵੇ। ਗਣਿਤ ਮੇਲੇ ਲਗਾਉਣ ਲਈ ਹੇਠ ਲਿਖੀਆਂ ਕੁੱਝ ਗੱਲਾਂ ਤੇ ਧਿਆਨ ਦਿੱਤਾ ਜਾਵੇ :-

4.0 ਗਣਿਤ ਮੇਲੇ ਵਿੱਚ ਛੇਵੀਂ, ਸੱਤਵੀਂ, ਅੱਠਵੀਂ, ਨੌਵੀਂ ਅਤੇ ਦੱਸਵੀਂ ਜਮਾਤਾ ਦੇ ਹਰ ਇੱਕ ਵਿਦਿਆਰਥੀ ਦਾ ਭਾਗ ਲੈਣਾ ਲਾਜ਼ਮੀ ਹੋਵੇਗਾ। ਗਣਿਤ ਮੇਲਾ ਸਾਂਝੇ ਤੌਰ ਤੇ ਛੇਵੀਂ ਤੋਂ ਦੱਸਵੀਂ ਤੱਕ ਦੀਆ ਜਮਾਤਾਂ ਲਈ ਇੱਕ ਹੀ ਲਗਾਇਆ ਜਾਵੇਗਾ। ਜੇਕਰ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ 500 ਤੋਂ ਉਪਰ ਹੈ ਤਾਂ ਉਹ ਵਿਦਿਆਰਥੀ ਦੀ ਸਹੂਲਤ ਅਤੇ ਗਣਿਤ ਮੇਲੇ ਨੂੰ ਸਫਲਤਾਪੂਰਵਕ ਕਰਵਾਉਣ ਲਈ (with in phase) ਦੋ ਦਿਨਾਂ ਵਿੱਚ ਲਗਾਤਾਰ ਕਰਵਾ ਸਕਦਾ ਹੈ।

4.1 ਵਿਦਿਆਰਥੀਆਂ ਦੀ ਗਿਣਤੀ ਮੁਤਾਬਿਕ ਵਿਦਿਆਰਥੀਆਂ ਦੇ ਗਰੁੱਪ ਬਣਾਏ ਜਾਣ, ਹਰੇਕ ਗਰੁੱਪ ਵਿੱਚ ਇੱਕ ਛੇਵੀਂ, ਇੱਕ ਸੱਤਵੀਂ ਅਤੇ ਇੱਕ ਅੱਠਵੀਂ ਦੇ ਵਿਦਿਆਰਥੀ ਦਾ ਹੋਣਾ ਲਾਜ਼ਮੀ ਹੈ। ਇਸੇ ਤਰ੍ਹਾਂ ਨੌਵੀਂ ਅਤੇ ਦੱਸਵੀਂ ਦੇ ਵਿਦਿਆਰਥੀਆਂ ਦੀ ਗਰੁਪਿੰਗ ਵੇਲੇ ਇੱਕ ਵਿਦਿਆਰਥੀ ਨੌਵੀਂ ਅਤੇ ਇੱਕ ਵਿਦਿਆਰਥੀ ਦੱਸਵੀਂ ਦਾ ਗਰੁੱਪ ਕੀਤਾ ਜਾਵੇ।

4.2 ਹਰੇਕ ਵਿਦਿਆਰਥੀ-ਗਰੁੱਪ ਵਲੋਂ ਤਿਆਰ ਕੀਤੀ ਕਿਰਿਆ ਜਾਂ ਮਾਡਲ, ਸਾਰੇ ਵਿਦਿਆਰਥੀ-ਗਰੁੱਪਾਂ ਨਾਲ ਸਾਂਝੇ ਕੀਤੇ ਜਾਣ।

5. ਗਣਿਤ ਮੇਲਾ ਸਿਰਫ਼ ਤੇ ਸਿਰਫ਼ ਸਕੂਲ ਪੱਧਰ ਤੇ ਹੋਵੇਗਾ ਅਤੇ ਸਕੂਲ ਕੈਂਪਸ ਵਿੱਚ ਹੀ ਲਗਾਇਆ ਜਾਵੇ।

6. ਗਣਿਤ ਮੇਲੇ ਵਾਲੇ ਦਿਨ ਸਕੂਲ ਮੁੱਖੀ ਵਿਦਿਆਰਥੀਆਂ ਦੇ ਮਾਪਿਆਂ, ਪਿੰਡ ਦੇ ਪਤਵੰਤੇ ਸੱਜਣ, ਐਸ.ਐਮ.ਸੀ. ਕਮੇਟੀ ਦੇ ਮੈਂਬਰ, ਨੇੜੇ ਦੇ ਦੂਸਰੇ ਸਕੂਲਾਂ ਅਤੇ ਆਪਣੇ ਸਕੂਲ ਦੀਆਂ ਦੂਸਰੀ ਜਮਾਤਾਂ ਦੇ ਵਿਦਿਆਰਥੀਆਂ ਨੂੰ ਮੇਲਾ ਵੇਖਣ ਲਈ ਕਹੇਗਾ। ਨੇੜੇ ਦੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੂੰ ਵਿਜਿਟ ਕਰਵਾਉਣ ਲਈ, ਉਹਨਾਂ ਦੇ ਨਾਲ ਉਹਨਾਂ ਦੇ ਅਧਿਆਪਕ/ਇੰਚਾਰਜ ਦਾ ਆਉਣਾਂ ਲਾਜ਼ਮੀ ਕੀਤਾ ਜਾਵੇ।

7. ਪ੍ਰੀ-ਫੇਅਰ ਦੌਰਾਨ ਸਕੂਲ ਮੁੱਖੀ, ਸਕੂਲ ਦੇ ਮੈਥ ਪੜਾਉਣ ਵਾਲੇ ਅਧਿਆਪਕਾਂ ਦੀ ਅਤੇ ਦੂਸਰੇ ਅਧਿਆਪਕ (ਜਿਵੇਂ ਕਿ ਸਾਇੰਸ/ਕੋਈ ਹੋਰ ਵਿਸ਼ਾ) ਦੀ ਇੱਕ ਟੀਮ ਬਣਾਕੇ, ਰੋਜਾਨਾ 4 ਲਗਾਤਾਰ ਦਿਨ ਨਿਸ਼ਚਿਤ ਸਮੇਂ ਵਿੱਚ ਵਿਦਿਆਰਥੀਆਂ ਨੂੰ ਗਣਿਤ ਮੇਲੇ ਲਈ selected ਗਤੀਵਿਧੀਆਂ/activities ਨੂੰ ਬਣਾਉਣ ਦਾ ਸਮਾਂ ਦੇਣਗੇ। ਇਹ ਕੰਮ ਸਕੂਲ ਮੁੱਖੀ ਆਪਣੀ ਦੇਖ ਰੇਖ ਵਿੱਚ ਕਰਵਾਉਣਗੇ।

8. ਪ੍ਰੀ-ਫੇਅਰ ਦੌਰਾਨ ਵਿਦਿਆਰਥੀਆਂ ਨੂੰ ਲੋੜੀਂਦਾ ਸਮਾਨ ਮੁਹੱਈਆ ਕਰਵਾਇਆ ਜਾਵੇ। ਜਿਸ ਲਈ ਹੈੱਡ ਆਫਿਸ ਵੱਲੋਂ ਮਿਡਲ ਸਕੂਲਾਂ ਲਈ 1500/- ਰੁਪਏ ਪ੍ਰਤੀ ਸਕੂਲ ਪਹਿਲਾਂ ਖਰਚ ਕਰਨ ਵਾਲੀ ਰਾਸ਼ੀ ਦੀ ਹਦਾਇਤਾਂ/ਗ੍ਰਾਂਟ ਜਾਰੀ ਕੀਤੀ ਜਾ ਰਹੀ ਹੈ ਅਤੇ ਹਾਈ ਅਤੇ ਸੀ.ਸੈਕੰਡਰੀ ਸਕੂਲ ਨੂੰ 2000/- ਰੁਪਏ ਪ੍ਰਤੀ ਸਕੂਲ ਦੇ ਹਿਸਾਬ ਨਾਲ ਜਾਰੀ ਕੀਤੀ ਜਾ ਚੁੱਕੀ ਹੈ।

9. ਅਧਿਆਪਕ ਵਿਦਿਆਰਥੀਆਂ ਨੂੰ ਘਰ ਵਿੱਚ ਪਏ ਗੱਤੇ ਦੇ ਡੱਬੇ, ਪੁਰਾਣੀ ਉੱਨ, ਬਟਨ, ਮੋਤੀ, ਕੈਂਚੀ, ਚਾਰਟ ਆਦਿ ਨੂੰ ਘਰ ਤੋਂ ਹੀ ਲਿਆਉਣ ਲਈ ਪ੍ਰੇਰਿਤ ਕਰ ਸਕਦਾ ਹੈ। ਪ੍ਰੀ-ਫੇਅਰ ਦੌਰਾਨ ਵਿਦਿਆਰਥੀ ਆਪਣੀ ਗਣਿਤ ਪਾਠ ਪੁਸਤਕਾਂ ਅਤੇ ਰਫ਼ ਕਾਪੀ ਜਰੂਰ ਲੈ ਕੇ ਆਉਣ ਕਿਉਂਕਿ ਕਿਰਿਆਵਾਂ/ਐਕਟੀਵਿਟੀਆਂ, ਪਾਠ ਪੁਸਤਕ ਨਾਲ ਸਬੰਧਤ ਹਨ ਅਤੇ ਵਿਦਿਆਰਥੀ ਨੂੰ ਸੰਕਲਪ ਸਮਝਣ ਲਈ ਕਿਤਾਬ ਪੜ੍ਹਨ ਅਤੇ ਕਾਪੀ ਤੇ ਨੋਟ ਕਰਨ ਵਿੱਚ ਰੁਚੀ ਪੈਦਾ ਹੋ ਸਕੇ।

10. ਗਣਿਤ ਮੇਲੇ ਦੌਰਾਨ ਵਿਦਿਆਰਥੀ, ਮੇਲਾ ਵੇਖਣ ਆਉਣ ਵਾਲਿਆਂ ਨੂੰ ਪੂਰੀ ਤਰ੍ਹਾਂ ਆਪਣੇ ਮਾਡਲ/ਕਿਰਿਆਵਾਂ ਤੋਂ ਜਾਣੂ ਕਰਵਾਉਣਗੇ, ਇਸ ਲਈ ਅਧਿਆਪਕ ਸਾਹਿਬਾਨ ਵਿਦਿਆਰਥੀਆਂ ਦੀ ਤਿਆਰੀ ਕਰਵਾਉਣਗੇ।

11. ਮੇਲੇ ਵਾਲੇ ਦਿਨ ਵਿਦਿਆਰਥੀਆਂ ਦੇ ਹਰ ਇੱਕ ਗਰੁੱਪ ਨੂੰ ਆਪਣੀ ਕਿਰਿਆਵਾਂ/ਮਾਡਲ ਦਿਖਾਉਣ ਲਈ ਸਕੂਲ ਵਿੱਚ ਉਪਲੱਬਧ ਬੈਂਚ/ਮੇਜ਼ ਆਦਿ ਮੁਹੱਈਆ ਕਰਵਾਇਆ ਜਾਵੇ। ਇਸ ਲਈ ਕੋਈ ਵਾਧੂ ਖਰਚਾ ਨਾ ਕੀਤਾ ਜਾਵੇ। ਇਸ ਗੱਲੋਂ ਸਕੂਲ ਮੁੱਖੀ ਵਿਸ਼ੇਸ਼ ਧਿਆਨ ਦੇਣ।

12. ਗਣਿਤ ਮੇਲੇ ਵਾਲੇ ਦਿਨ ਗਣਿਤਿਕ ਰੰਗੋਲੀ ਬਣਾਈ ਜਾਵੇ। ਧਿਆਨ ਰੱਖਿਆ ਜਾਵੇ ਕਿ ਗਣਿਤ ਮੇਲੇ ਵਿੱਚ ਅੱਪਰ-ਪ੍ਰਾਇਮਰੀ ਜਮਾਤਾਂ ਦਾ ਹਰ ਇਕ ਵਿਦਿਆਰਥੀ ਕਿਸੇ ਨਾ ਕਿਸੇ ਐਕਟੀਵਿਟੀ ਵਿੱਚ ਭਾਗ ਜਰੂਰ ਲਵੇ। ਅਧਿਆਪਕ ਵਿਦਿਆਰਥੀਆਂ ਦੀ ਗਣਿਤ ਵਿੱਚ ਕਾਰਜਗੁਜਾਰੀ ਨੂੰ ਉਸਦੇ ਪ੍ਰੈਕਟੀਕਲ ਵਰਕੇ CCE ਲਈ ਵੀ ਮੁਲਾਂਕਣ ਕਰ ਸਕਦਾ ਹੈ।

13. ਗਣਿਤ ਮੇਲੇ ਵਿੱਚ ਆਉਣ ਵਾਲੀਆਂ ਦੀ ਫੀਡ ਬੈਕ ਲਈ ਵੱਖਰਾ ਚਾਰਟ/ਬੋਰਡ ਆਦਿ ਲਗਾਇਆ ਜਾਵੇ।

14. ਗਣਿਤ ਮੇਲੇ ਦੌਰਾਨ ਮਹਾਨ ਗਣਿਤਕਾਰਾਂ ਦੇ ਪੋਸਟਰ, ਕੁਟੇਸ਼ਨਾਂ, ਕਿਰਿਆਵਾਂ ਨਾਲ ਸਬੰਧਤ ਚਾਰਟ ਆਦਿ ਦਾ ਵੀ ਪ੍ਰਦਰਸ਼ਨ ਕੀਤਾ ਜਾਵੇ।

15. ਗਣਿਤ ਮੇਲੇ ਦੌਰਾਨ ਬਣੇ ਮਾਡਲ/ਕਿਰਿਆਵਾਂ ਗਣਿਤ ਮੇਲੇ ਤੋਂ ਬਾਅਦ ਸਕੂਲ ਵਿੱਚ ਮੌਜੂਦ ਗਣਿਤ ਕਾਰਨਰ/ਲੈਬ ਵਿੱਚ ਰੱਖੀਆਂ ਜਾਣ। ਇਹ ਵੀ ਦੱਸਣਾ ਉਚਿਤ ਹੋਵੇਗਾ ਕਿ ਸਕੂਲ ਵਿੱਚ ਗਣਿਤ ਲੈਬ ਜਾਂ ਕਾਰਨਰ ਵਿੱਚ ਪਹਿਲਾਂ ਮੌਜੂਦ ਕਿਰਿਆਵਾਂ/ਮਾਡਲਾਂ ਦਾ ਵੀ ਗਣਿਤ ਮੇਲੇ ਵਿੱਚ ਪ੍ਰਦਰਸ਼ਨ ਕੀਤਾ ਜਾਵੇ ਤਾਂ ਜੋ ਗਣਿਤ ਲੈਬ/ਕਾਰਨਰ ਦੀ ਅਪਡੇਟ ਹੋ ਸਕਣ।

16. ਗਣਿਤ ਮੇਲੇ ਦੀ ਪ੍ਰੀ-ਫੇਅਰ ਅਤੇ ਗਣਿਤ ਮੇਲੇ ਵਾਲੇ ਦਿਨਾਂ ਲਈ ਸਬੰਧਤ ਡੀ.ਐਮ./ਬੀ.ਐਮ. ਆਪਣਾ ਰੂਟ ਪਲਾਨ ਤਿਆਰ ਕਰਕੇ ਸਬੰਧਤ ਡਾਇਟ ਪ੍ਰਿੰਸੀਪਲ ਤੋਂ ਪ੍ਰਵਾਨ ਕਰਵਾਉਣ। ਰੂਟ ਪਲਾਨ ਇਸ ਤਰ੍ਹਾਂ ਤਿਆਰ ਕੀਤਾ ਜਾਵੇ ਕਿ ਸਬੰਧਤ ਡੀ.ਐਮ. ਜਾਂ ਬੀ.ਐਮ. ਲਾਜਮੀ ਤੌਰ ਤੇ ਹਰ ਇਕ ਸਕੂਲ ਨੂੰ ਗਣਿਤ ਮੇਲੇ ਲਈ ਘੱਟ ਤੋਂ ਘੱਟ ਇੱਕ ਵਾਰ ਜਾ ਕੇ ਪ੍ਰੀ-ਫੇਅਰ ਅਤੇ ਗਣਿਤ ਮੇਲੇ ਦੀ ਤਿਆਰੀ ਲਈ ਗਾਈਡ ਕਰ ਸਕਣ।

17. ਸਮੂਹ ਪ੍ਰਿੰਸੀਪਲਜ਼ ਡਾਇਟ, ਡਾਇਟ ਮੈਥ ਫੈਕਲਟੀ ਅਤੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਵੱਖ-ਵੱਖ ਸਕੂਲਾਂ ਵਿੱਚ ਕਰਵਾਏ ਜਾ ਰਹੇ ਗਣਿਤ ਮੇਲਿਆਂ ਦੀ ਮੋਨਿਟਰਿੰਗ ਕਰਨ ਅਤੇ ਗਣਿਤ ਮੇਲੇ ਵਿੱਚ ਪਹੁੰਚ ਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕਰਨਾ।

18. ਸਕੂਲ ਮੁੱਖੀ ਅਤੇ ਅਧਿਆਪਕ, ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਵਿਦਿਆਰਥੀ ਅਤੇ ਵਿਜਿਟਰ ਲਈ, ਪੀਣ ਵਾਲੇ ਸਾਫ ਪਾਣੀ ਦਾ ਪ੍ਰਬੰਧ ਹੋਵੇ। ਇਸ ਤੋਂ ਇਲਾਵਾ ਪ੍ਰਦਰਸ਼ਨੀ ਦੇ ਸਥਾਨ ਦੀ ਚੋਣ ਲਈ ਹਵਾਦਾਰ ਜਗ੍ਹਾ/ਕਮਰੇ/ਹਾਲ ਵਿੱਚ ਆਯੋਜਿਤ ਕੀਤੀ ਜਾਵੇ, ਜਿਨ੍ਹਾਂ ਸਕੂਲਾਂ ਵਿੱਚ ਜਰਨੇਟਰ ਉਪਲੱਬਧ ਹੈ ਲੋੜ ਪੈਣ ਤੇ ਚਲਾਇਆ ਜਾਵੇ। ਗਣਿਤ ਮੇਲੇ ਦੀ ਤਿਆਰੀ ਅਤੇ ਮੁਕੰਮਲ ਪ੍ਰਬੰਧ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

ਡਾਇਰੈਕਟਰ
ਐਸ.ਸੀ.ਈ.ਆਰ.ਟੀ, ਪੰਜਾਬ

ਪਿੱਠ ਅੰਕਣ ਨੰ: ਐਸ.ਸੀ.ਈ.ਆਰ.ਟੀ/ ਉਰ੩

ਮਿਤੀ :

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ, ਜਨਰਲ ਸਕੂਲ ਸਿੱਖਿਆ ਪੰਜਾਬ
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ)

-ਸ਼ੀ

ਡਾਇਰੈਕਟਰ
ਐਸ.ਸੀ.ਈ.ਆਰ.ਟੀ, ਪੰਜਾਬ